# ਦਫਤਰ ਜਿਲ੍ਹਾ ਕੁਲੈਕਟਰ(ਡੀ.ਸੀ.) ਪਟਿਆਲਾ।

## ਪਬਲਿਕ ਇਸ਼ਤਿਹਾਰ

ਇਸ ਇਸ਼ਤਿਹਾਰ ਰਾਹੀਂ ਸੂਚਿਤ ਕੀਤਾ ਜਾਂਦਾ ਹੈ ਕਿ ਜਿਲ੍ਹਾ ਪਟਿਆਲਾ ਵਿਚ ਅਸ਼ਟਾਮ ਫਰੋਸ਼ਾਂ ਦੀਆਂ 128 ਆਸਾਮੀਆਂ ਮੈਰਿਟ ਦੇ ਆਧਾਰ ਤੇ ਭਰਨ ਲਈ ਅਰਜੀਆਂ ਮਿਤੀ 11.11.2022 ਤੱਕ ਮੰਗੀਆਂ ਜਾਂਦੀਆਂ ਹਨ। ਇਹ ਅਰਜੀਆਂ ਦਫਤਰ ਡਿਪਟੀ ਕਮਿਸ਼ਨਰ, ਪਟਿਆਲਾ ਵਿਖੇ ਮਿਤੀ ਮਿਤੀ 11.11.2022 ਨੂੰ ਸ਼ਾਮ 05:00 ਵਜੇ ਤੱਕ ਪੁੱਜ ਜਾਣੀਆਂ ਚਾਹੀਦੀਆਂ ਹਨ। ਅਰਜੀ ਡਾਕ ਰਾਹੀਂ ਜਾਂ ਖੁਦ ਦਫਤਰ ਡਿਪਟੀ ਕਮਿਸ਼ਨਰ, ਪਟਿਆਲਾ ਦੀ ਐਚ.ਆਰ.ਸੀ ਸ਼ਾਖਾ(ਕਮਰਾ ਨੰਬਰ 333-ਏ)ਵਿੱਚ ਦਿੱਤੀ ਜਾ ਸਕਦੀ ਹੈ। ਇੰਨ੍ਹਾਂ ਅਸਾਮੀਆਂ ਨੂੰ ਭਰਨ ਲਈ ਇੱਕ ਇਮਤਿਹਾਨ ਲਿਆ ਜਾਵੇਗਾ। ਜਿਸ ਵਿਚ 70 ਨੰਬਰਾਂ ਦਾ ਦਸਵੀਂ ਪੱਧਰ ਦਾ (Objective) ਟੈਸਟ ਹੋਵੇਗਾ। ਇਸ ਤੋਂ ਇਲਾਵਾ 20 ਨੰਬਰ ਵਿੱਦਿਅਕ ਯੋਗਤਾ ਅਤੇ 10 ਨੰਬਰ ਇੰਟਰਵਿਊ ਦੇ ਹੋਣਗੇ। ਇਹ ਟੈਸਟ ਮਿਤੀ 19.11.2022 ਨੂੰ ਸਵੇਰੇ 11:00 ਵਜੇ ਲਿਆ ਜਾਵੇਗਾ। ਬਿਨੈਕਾਰ ਵੱਲੋਂ ਆਪਣੀ ਅਰਜੀ ਨਾਲ 500/- ਰੁਪਏ ਦਾ ਪੋਸਟਲ ਆਰਡਰ ਜੋ In favour of Deputy Commissioner, Patiala ਹੋਵੇ ਦੇਣਾ ਜਰੂਰੀ ਹੋਵੇਗਾ। ਉਮੀਦਵਾਰ ਵੱਲੋਂ ਆਪਣੀ ਅਰਜੀ/ਦਰਖਾਸਤ ਹੇਠ-ਲਿਖੇ ਪ੍ਰੋਫਾਰਮੇ ਵਿਚ ਸਾਦੇ ਕਾਗਜ ਤੇ ਭਰ ਕੇ ਦਿੱਤੀ ਜਾ ਸਕਦੀ ਹੈ:

ਪਾਸਪੋਰਟ ਸਾਇਜ ਫੋਟੋ

1. ਤਹਿਸੀਲ/ਸਬ ਤਹਿਸੀਲ ਦਾ ਨਾਮ..........................................
2. ਉਮੀਦਵਾਰ ਦਾ ਨਾਮ..........................................
3. ਪਿਤਾ ਦਾ ਨਾਮ..........................................
4. ਜਨਮ ਮਿਤੀ..........................................
5. ਘਰ ਦਾ ਪੂਰਾ ਪਤਾ..........................................
6. ਪੁਲਿਸ ਸਟੇਸ਼ਨ..........................................
7. ਵਿਦਿਅਕ ਯੋਗਤਾ..........................................
8. ਮੌਜੂਦਾ ਕਿੱਤਾ..........................................
9. ਵੱਟਸਐਪ ਮੋਬਾਇਲ ਨੰ:..........................................
10. ਪੋਸਟਲ ਆਰਡਰ ਨੰਬਰ ਅਤੇ ਮਿਤੀ....................

1. ਭਰੀਆਂ ਜਾਣ ਵਾਲੀਆਂ ਅਸ਼ਟਾਮ ਫਰੋਸ਼ ਦੀਆਂ ਅਸਾਮੀਆਂ ਦਾ ਵੇਰਵਾ ਹੇਠ-ਲਿਖੇ ਅਨੁਸਾਰ ਹੈ:-ਅਸਾਮੀਆਂ ਦੀ ਗਿਣਤੀ ਵੱਧ/ਘੱਟ ਹੋ ਸਕਦੀ ਹੈ।

| ਜਿਲ੍ਹਾ ਕਚਹਿਰੀ ਪਟਿਆਲਾ | ਤਹਿਸੀਲ ਕੰਪਲੈਕਸ ਪਟਿਆਲਾ | ਤਹਿਸੀਲ ਕੰਪਲੈਕਸ ਸਮਾਣਾ | ਤਹਿਸੀਲ ਕੰਪਲੈਕਸ ਨਾਭਾ | ਤਹਿਸੀਲ ਕੰਪਲੈਕਸ ਰਾਜਪੁਰਾ | ਤਹਿਸੀਲ ਕੰਪਲੈਕਸ ਪਾਤੜਾਂ | ਤਹਿਸੀਲ ਕੰਪਲੈਕਸ ਦੁੱਧਨਸਾਧਾਂ | ਸਬ ਤਹਿਸੀਲ ਕੰਪਲੈਕਸ ਭਾਦਸੋਂ | ਸਬ ਤਹਿਸੀਲ ਕੰਪਲੈਕਸ ਘਨੌਰ |
|---|---|---|---|---|---|---|---|---|
| 15 | 58 | 13 | 03 | 12 | 09 | 07 | 04 | 07 |

2. ਬਿਨੈਕਾਰ ਘੱਟੋ-ਘੱਟ ਦਸਵੀਂ ਪਾਸ ਹੋਵੇ।
3. ਇਸ ਇਸ਼ਤਿਹਾਰ ਦੇ ਜਾਰੀ ਹੋਣ ਤੋਂ ਪਹਿਲਾਂ ਇਸ ਦਫਤਰ ਵਿਚ ਡਾਕ ਰਾਹੀਂ ਅਤੇ ਦਸਤੀ ਪ੍ਰਾਪਤ ਹੋਈਆਂ ਅਸ਼ਟਾਮ ਫਰੋਸ਼ੀ ਦੀਆਂ ਸਾਰੀਆਂ ਦਰਖਾਸਤਾਂ ਰੱਦ ਕੀਤੀਆਂ ਜਾਂਦੀਆਂ ਹਨ। ਇਸ ਸਬੰਧੀ ਬਿਨੈਕਾਰਾਂ ਨੂੰ ਅਲੱਗ ਤੋਂ ਸੂਚਿਤ ਨਹੀਂ ਕੀਤਾ ਜਾਵੇਗਾ ।
4. ਟੈਸਟ ਪਾਸ ਕਰਨ ਵਾਲੇ ਉਮੀਦਵਾਰ ਦੀ ਲਿਸਟ ਡੀ.ਸੀ ਦਫਤਰ, ਪਟਿਆਲਾ ਦੇ ਨੋਟਿਸ ਬੋਰਡ ਤੇ ਲਗਾਈ ਜਾਵੇਗੀ।
5. ਪੇਪਰ ਲੈਣ ਸਬੰਧੀ ਸਥਾਨ ਅਤੇ ਇੰਟਰਵਿਊ ਲਈ ਵੱਖਰੇ ਤੌਰ ਤੇ ਸੂਚਿਤ ਕੀਤਾ ਜਾਵੇਗਾ।
6. ਹੋਰ ਜਾਣਕਾਰੀ ਡੀ.ਸੀ ਦਫਤਰ ਦੀ ਐਚ.ਆਰ.ਸੀ.ਸ਼ਾਖਾ(ਕਮਰਾ ਨੰਬਰ 333-ਏ) ਵਿੱਚੋਂ ਕਿਸੇ ਵੀ ਕੰਮ ਵਾਲੇ ਦਿਨ ਪ੍ਰਾਪਤ ਕੀਤੀ ਜਾ ਸਕਦੀ ਹੈ।
7. ਇੰਨ੍ਹਾਂ ਅਸਾਮੀਆ ਸਬੰਧੀ ਹੋਰ ਜਾਣਕਾਰੀ ਅਤੇ ਨਵੀਆਂ ਅਪਡੇਸ਼ਨਾਂ ਸਬੰਧੀ ਇਸ ਦਫਤਰ ਦੀ ਵੈਬਸਾਇਟ https://Patiala.nic.in ਤੇ ਲਾਗਇਨ ਕੀਤਾ ਜਾਵੇ।

ਮਿਤੀ ਲੰਘਣ ਤੋਂ ਬਾਅਦ ਪ੍ਰਾਪਤ ਹੋਈਆਂ ਅਰਜੀਆਂ ਤੇ ਵਿਚਾਰ ਨਹੀਂ ਕੀਤਾ ਜਾਵੇਗਾ ਅਤੇ ਨਾ ਹੀ ਕੋਈ ਇਤਰਾਜ ਸੁਣਿਆ ਜਾਵੇਗਾ। ਇਹ ਇਸ਼ਤਿਹਾਰ ਅੱਜ ਮਿਤੀ 2-11-2022 ਨੂੰ ਮੇਰੇ ਦਸਤਖਤਾਂ ਅਤੇ ਮੋਹਰ ਅਦਾਲਤ ਹੇਠ ਜਾਰੀ ਕੀਤਾ ਜਾਵੇਗਾ।

ਕੁਲੈਕਟਰ(ਏ.ਡੀ.ਸੀ.)
ਜਿਲ੍ਹਾ ਪਟਿਆਲਾ।

https://www.freshersnow.com/government-jobs-india/